ਬੀਬੀ ਮਾਣੂੰਕੇ ਨੇ ਮੁੜ ਸ਼ੁਰੂ ਕਰਵਾਇਆ ਅਖਾੜਾ ਨਹਿਰ ਦੇ ਨਵੇਂ ਪੁਲ਼ ਦਾ ਨਿਰਮਾਣ

ਜਗਰਾਓਂ, 15 ਮਾਰਚ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਹਲਕਾ ਜਗਰਾਉਂ ਅਤੇ ਹਲਕਾ ਰਾਏਕੋਟ ਦੇ ਨਾਲ-ਨਾਲ ਮਾਲਵਾ ਖੇਤਰ ਨੂੰ ਦੁਆਬੇ ਨਾਲ ਜੋੜਨ ਵਾਲਾ ਅਬੋਹਰ ਬ੍ਰਾਂਚ ਅਖਾੜਾ ਨਹਿਰ ਦਾ ਪ੍ਰਮੁੱਖ ਪੁਲ, ਜੋ ਕੁੱਝ ਸਮਾਂ ਪਹਿਲਾਂ ਬਣਨਾਂ ਸ਼ੁਰੂ ਹੋ ਗਿਆ ਸੀ, ਪਰੰਤੂ ਧਰਤੀ ਵਿੱਚ ਪੱਥਰ ਆ ਜਾਣ ਕਾਰਨ ਕੰਮ ਬੰਦ ਹੋ ਗਿਆ ਸੀ। ਇਸ ਪੁਲ ਦਾ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਮੌਕੇ 'ਤੇ ਪਹੁੰਚਕੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਲੱਡੂ ਵੰਡਕੇ ਕੰਮ ਮੁੜ ਸ਼ੁਰੂ ਕਰਵਾ ਦਿੱਤਾ ਗਿਆ ਹੈ। ਮੌਕੇ 'ਤੇ ਜੇ.ਸੀ.ਬੀ.ਮਸ਼ੀਨ ਵੱਲੋਂ ਖੁਦਾਈ ਵੀ ਸ਼ੁਰੂ ਕਰ ਦਿੱਤੀ ਹੈ। ਇੱਥੇ ਦੱਸਣਯੋਗ ਹੈ ਕਿ ਅਖਾੜਾ ਨਹਿਰ ਉਪਰ ਬਣਿਆ ਪੁਰਾਣਾ ਤੇ ਭੀੜਾ ਪੁਲ 38 ਸਾਲ ਪਹਿਲਾਂ ਆਪਣੀ ਮਿਆਦ ਪੁਗਾ ਚੁੱਕਾ ਸੀ ਅਤੇ ਇਸ ਪੁਲ 'ਤੇ ਲੱਗਦੇ ਵੱਡੇ ਜਾਮ ਲੋਕਾਂ ਦਾ ਲੜਾਈ-ਝਗੜਾ ਵੀ ਰਹਿੰਦਾ ਸੀ ਅਤੇ ਆਪਣੇ ਕੰਮ ਤੇ ਸਮੇਂ ਸਿਰ ਪਹੁੰਚਣ ਲਈ ਲੋਕਾਂ ਨੂੰ ਜ਼ਾਮ ਵੱਡੀ ਸਮੱਸਿਆ ਦਾ ਸਾਹਮਣਾ ਵੀ ਕਰਨਾਂ ਪੈਦਾ ਸੀ। ਲੋਕਾਂ ਦੀ ਵੱਡੀ ਸਮੱਸਿਆ ਹੱਲ ਕਰਨ ਲਈ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਯਤਨ ਕਰਕੇ ਮੌਜੂਦਾ ਪੰਜਾਬ ਸਰਕਾਰ ਪਾਸੋਂ ਨਵਾਂ ਪੁਲ ਮਨਜ਼ੂਰ ਕਰਵਾਕੇ ਅੱਠ ਕਰੋੜ ਦੇ ਲਗਭਗ ਪੈਸਾ ਵੀ ਜਾਰੀ ਕਰਵਾ ਲਿਆ ਗਿਆ ਸੀ ਅਤੇ ਇਸਦਾ ਕੰਮ ਵੀ ਸ਼ੁਰੂ ਹੋ ਗਿਆ ਸੀ। ਪਰੰਤੂ ਜਦੋਂ ਨਵੇਂ ਪੁੱਲ ਨੂੰ ਬਣਾਉਣ ਦਾ ਕੰਮ ਸ਼ੁਰੂ ਹੋਇਆ ਤਾਂ ਪਿੱਲਰ ਬਨਾਉਣ ਲਈ ਕੀਤੀ ਜਾ ਰਹੀ ਖੁਦਾਈ ਦੌਰਾਨ ਧਰਤੀ ਵਿੱਚ ਪੁਰਾਣੇ ਘਰਾਟਾਂ ਵਾਲੇ ਪੱਥਰ ਆ ਗਏ ਤੇ ਡਰਿਲਿੰਗ ਕਰਨ ਦੇ ਬਾਵਜੂਦ ਵੀ ਅੱਗੇ ਖੁਦਾਈ ਨਹੀਂ ਹੋ ਸਕੀ ਸੀ। ਬੀਬੀ ਮਾਣੂੰਕੇ ਵੱਲੋਂ ਉਕਤ ਪੁਲ ਦੇ ਨਿਰਮਾਣ ਦੀ ਗੰਭੀਰਤਾ ਨੂੰ ਵੇਖਦੇ ਹੋਏ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਮਿਲਕੇ ਪੁੱਲ ਦਾ ਨਵਾਂ ਐਸਟੀਮੇਟ ਅਤੇ ਨਕਸ਼ਾ ਆਦਿ ਮੁੜ ਤਿਆਰ ਕਰਵਾਕੇ ਪੰਜਾਬ ਸਰਕਾਰ ਕੋਲੋਂ ਮੁੜ ਪਾਸ ਕਰਵਾ ਲਏ ਗਏ ਹਨ ਅਤੇ ਨਵੇਂ ਪੁਲ ਦੀ ਡਿਜ਼ਾਇਨਿੰਗ ਕਰਵਾ ਲਈ ਗਈ ਹੈ। ਉਹਨਾਂ ਕਿਹਾ ਕਿ ਇਹ ਪੁਲ ਪਹਿਲਾਂ 48 ਮੀਟਰ ਲੰਬਾ ਬਣਨਾਂ ਸੀ ਅਤੇ ਹੁਣ ਇਹ ਸਾਢੇ 55 ਮੀਟਰ ਲੰਬਾ ਬਣੇਗਾ।ਇਸ ਮੌਕੇ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਕਿ ਅਖਾੜਾ ਨਹਿਰ ਦਾ ਇਹ ਨਵਾਂ ਪੁਲ ਇੱਕ ਸਾਲ ਦੇ ਅੰਦਰ ਅੰਦਰ ਹਰ ਹਾਲਤ ਵਿੱਚ ਮੁਕੰਮਲ ਕਰਵਾਇਆ ਜਾਵੇਗਾ ਅਤੇ ਲੋਕਾਂ ਦੀ ਵੱਡੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਕੁੱਝ ਲੋਕ ਜਾਣ-ਬੁੱਝਕੇ ਹਲਕੇ ਦੇ ਕੰਮਾਂ ਪ੍ਰਤੀ ਮਨਘੜਤ ਪੋਸਟਾਂ ਪਾਕੇ ਅਤੇ ਕੂੜ-ਪ੍ਰਚਾਰ ਕਰਕੇ ਭੋਲੇ-ਭਾਲੇ ਆਮ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਇਸ ਲਈ ਲੋਕ ਭਰੋਸਾ ਬਣਾਕੇ ਰੱਖਣ ਅਸੀਂ ਹਲਕੇ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਯਤਨਸ਼ੀਲ ਹਾਂ ਅਤੇ ਲਗਾਤਾਰ ਜੁਟੇ ਹੋਏ ਹਨ। ਪਰੰਤੂ ਕੁਝ ਤਕਨੀਕੀ ਅਤੇ ਵਿਭਾਗੀ ਪ੍ਰਕਿਰਿਆਵਾਂ ਵਿੱਚੋਂ ਗੁਜ਼ਰਨ ਕਾਰਨ ਹਰੇਕ ਕੰਮ ਨੂੰ ਮੁਕੰਮਲ ਕਰਨ ਵਿੱਚ ਸਮਾਂ ਜ਼ਰੂਰ ਲੱਗਦਾ ਹੈ ਅਤੇ ਜਗਰਾਉਂ ਹਲਕੇ ਦੀ ਨੁਹਾਰ ਬਦਲਕੇ ਰਹਾਂਗੇ। ਬੀਬੀ ਮਾਣੂੰਕੇ ਨੇ ਆਖਿਆ ਕਿ ਨਹਿਰ ਦੇ ਪੁਲ ਤੋਂ ਇਲਾਵਾ ਜਗਰਾਉਂ ਸ਼ਹਿਰ ਦੇ ਕਮਲ ਚੌਕ ਅਤੇ ਪੁਰਾਣੀ ਦਾਣਾ ਮੰਡੀ ਵਿੱਚ ਖੜਦੇ ਬਰਸਾਤੀ ਪਾਣੀ ਦੀ ਸਮੱਸਿਆ ਹੱਲ ਕਰਨ ਲਈ ਪੰਜਾਬ ਸਰਕਾਰ ਪਾਸੋਂ ਪ੍ਰੋਜ਼ੈਕਟ ਮਨਜੂਰ ਹੋ ਚੁੱਕਾ ਹੈ ਅਤੇ ਪੈਸਾ ਜਾਰੀ ਹੋਣ ਉਪਰੰਤ ਸ਼ਹਿਰ ਵਾਸੀਆਂ ਦੀ ਸਮੱਸਿਆ ਵੀ ਜਲਦੀ ਹੀ ਹੱਲ ਕਰ ਦਿੱਤੀ ਜਾਵੇਗੀ। ਉਹਨਾਂ ਆਖਿਆ ਕਿ ਜਗਰਾਉਂ ਸ਼ਹਿਰ ਦੇ 220 ਕੇਵੀ ਬਿਜਲੀ ਗਰਿੱਡ ਦੀ ਬਿਲਡਿੰਗ ਨੂੰ ਵੱਡਾ ਕਰਨ ਦਾ ਕੰਮ ਵੀ ਕੁੱਝ ਦਿਨਾਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਹਲਕੇ ਦੀਆਂ ਸੜਕਾਂ ਦੇ ਨਵੀਨੀਕਰਨ ਦੇ ਨਾਲ ਨਾਲ ਸ਼ਹਿਰ ਦੇ ਰਾਏਕੋਟ ਰੋਡ ਉਪਰ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਬਣਿਆਂ ਅਤਿ-ਆਧੁਨਿਕ ਲਾਲਾ ਲਾਜਪਤ ਰਾਏ ਭਵਨ ਲੋਕਾਂ ਦੀ ਸਹੂਲਤ ਲਈ ਖੋਲ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀ.ਡਬਲਿਯੂ.ਡੀ. ਵਿਭਾਗ ਦੇ ਐਸ.ਡੀ.ਓ. ਸਹਿਜ਼ਪ੍ਰੀਤ ਸਿੰਘ ਮਾਂਗਟ, ਕਰਮਜੀਤ ਸਿੰਘ ਜੇਈ, ਮਿਸ: ਜਸਕਿਰਨ ਕੌਰ ਜੇਈ, ਮਿਸ:ਵੀਰਪਾਲ ਕੌਰ ਜੇਈ, ਪਵਨ ਕੁਮਾਰ ਸੁਪਰਵਾਈਜ਼ਰ ਠੇਕੇਦਾਰ, ਵੀਨਾ ਕੁਮਾਰੀ ਬੀ.ਡੀ.ਪੀ.ਓ.ਜਗਰਾਉਂ, ਜਸਵੀਰ ਸਿੰਘ ਏ.ਪੀ.ਓ.ਨਰੇਗਾ, ਕੋਆਰਡੀਨੇਟਰ ਕਮਲਜੀਤ ਸਿੰਘ ਕਮਾਲਪੁਰਾ, ਨਿਰਭੈ ਸਿੰਘ ਕਮਾਲਪੁਰਾ, ਸੁਖਦੇਵ ਸਿੰਘ ਕਾਉਂਕੇ, ਮਿੰਟੂ ਕਾਉਂਕੇ, ਗੁਰਚਰਨ ਸਿੰਘ ਰਿਟਾ:ਜੇਈ, ਬਲਵੰਤ ਸਿੰਘ ਮੋਰਟਾਰ ਮੇਟ ਆਦਿ ਵੀ ਹਾਜ਼ਰ ਸਨ।

ਗੁਰਦੁਆਰਾ ਸਾਹਿਬ 'ਤੇ ਕਬਜ਼ੇ ਲਈ ਟਕਸਾਲ ਦੀਆਂ ਦੋ ਧਿਰਾਂ ਵਿਚਾਲੇ ਖੂਨੀ ਝੜਪ

ਜ਼ੀਰਾ ਮਖੂ, 15 ਮਾਰਚ (ਦੀਪਕ ਭਾਰਗੋ): ਬਾਬਾ ਠਾਕੁਰ ਸਿੰਘ ਭਿੰਡਰਾਂਵਾਲਿਆਂ ਦੀ ਯਾਦ ਵਿੱਚ ਬਣੇ ਗੁਰਦੁਆਰਾ ਸਾਹਿਬ ਅਕਾਲ ਦਰਬਾਰ ਸਦਰਵਾਲਾ ਦੇ ਕਬਜ਼ੇ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਖੂਨੀ ਝੜਪ ਹੋ ਗਈ। ਬਾਬਾ ਠਾਕੁਰ ਸਿੰਘ ਦੇ ਭਤੀਜੇ ਖਜ਼ਾਨ ਸਿੰਘ, ਦਮਦਮੀ ਟਕਸਾਲ ਅਜਨਾਲਾ ਦੇ ਮੁਖੀ ਭਾਈ ਮਲਕੀਅਤ ਸਿੰਘ ਅਜਨਾਲਾ, ਭਾਈ ਮੋਹਕਮ ਸਿੰਘ ਅਤੇ ਭਾਈ ਸਤਨਾਮ ਸਿੰਘ ਮਨਾਵਾਂ ਨਾਲ ਆਏ ਸੌ ਦੇ ਕਰੀਬ ਨਿਹੰਗ ਸਿੰਘਾਂ ਦੇ ਜਥੇ ਨੇ ਜਿਉਂ ਹੀ ਗੁਰਦੁਆਰਾ ਸਾਹਿਬ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਮੌਜੂਦਾ ਕਾਬਜ਼ ਬਾਬਾ ਭੁਪਿੰਦਰ ਸਿੰਘ ਦੇ ਸਮਰਥਕਾਂ ਨੇ ਮੁੱਖ ਗੇਟ ਨੂੰ ਅੰਦਰੋਂ ਜਿੰਦਰਾਂ ਲਾ ਦਿੱਤਾ। ਜਿਸ ਦੌਰਾਨ ਚਕਰਵਰਤੀ ਦਲ ਪੰਥ ਦੇ ਆਗੂ ਮਹਾਕਾਲ ਨੌਨਿਹਾਲ ਸਿੰਘ ਤੇ ਹੋਰ ਨਿਹੰਗ ਫੌਜਾਂ ਨੇ ਤਾਲਾ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਭਾਈ ਭੁਪਿੰਦਰ ਸਿੰਘ ਦੇ ਸਮਰਥਕਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਧਰ ਜੈਕਾਰੇ ਗਜ਼ਾਉਂਦੇ ਨਿਹੰਗ ਸਿੰਘਾਂ ਅਤੇ ਗੁਰਦੁਆਰਾ ਸਾਹਿਬ ਅੰਦਰਲੇ ਸਿੰਘਾਂ ਦਰਮਿਆਨ ਰੱਜ ਕੇ ਇੱਟਾਂ ਵੱਟੇ ਚੱਲੇ। ਨਿਹੰਗ ਬਲਬੀਰ ਸਿੰਘ ਦੇ ਦੱਸਣ ਮੁਤਾਬਿਕ ਕਥਿਤ ਤੌਰ 'ਤੇ ਉਨ੍ਹਾਂ ਦੀ ਧਿਰ ਦੇ ਚਾਲੀ ਸਾਲਾਂ ਦੇ ਰਵੇਲ ਸਿੰਘ ਦੀ ਲੱਤ ਵਿੱਚ ਗੋਲੀ ਲੱਗ ਗਈ। ਜਦਕਿ ਪੰਦਰਾਂ ਕੁ ਸਾਲ ਦੇ ਭੁਝੰਗੀ ਸਰਵਨ ਸਿੰਘ 'ਤੇ ਦੂਜੀ ਧਿਰ ਨੇ ਟਰੈਕਟਰ ਚਾੜ੍ਹ ਦਿੱਤਾ ਜੋ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀਆਂ ਨੂੰ ਤਰਨ ਤਾਰਨ ਸਾਹਿਬ ਦੇ ਗੁਰੂ ਨਾਨਕ ਮਲਟੀਸਪੈਸ਼ਲਿਟੀ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ। ਝੜਪ ਦੀ ਜਾਣਕਾਰੀ ਮਿਲਦੇ ਸਾਰ ਪਹੁੰਚੇ ਡੀਐੱਸਪੀ ਜੀਰਾ ਗੁਰਦੀਪ ਸਿੰਘ ਅਤੇ ਥਾਣਾ ਸਿਟੀ ਜੀਰਾ ਦੇ ਮੁਖੀ ਇੰਸਪੈਕਟਰ ਕਮਲਜੀਤ ਰਾਏ ਨੇ ਬੜੀ ਸੂਝਬੂਝ ਨਾਲ ਦੋਵਾਂ ਧਿਰਾਂ ਨੂੰ ਦੂਰ ਦੂਰ ਕਰ ਦਿੱਤਾ। ਖਬਰ ਲਿਖੇ ਜਾਣ ਤੱਕ ਸਥਿਤੀ ਤਨਾਅਪੂਰਨ ਪਰ ਕਾਬੂ ਹੇਠ ਸੀ। ਜਿਸ ਦੇ ਚਲਦਿਆਂ ਥਾਣਾ ਮਖੂ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਸਮੇਤ ਵੱਖ-ਵੱਖ ਥਾਣਿਆਂ ਦੀ ਪੁਲਿਸ ਮੌਕੇ 'ਤੇ ਤਾਇਨਾਤ ਸੀ।ਉਧਰ ਭਾਈ ਖਜ਼ਾਨ ਸਿੰਘ ਦੇ ਹਮਾਇਤੀ ਧਿਰ ਦੇ ਮੁੱਖ ਟਕਸਾਲੀ ਫਿਰੋਜ਼ਪੁਰ ਵਿਖੇ ਡੀਆਈਜੀ ਵੱਲ ਜਾ ਚੁੱਕੇ ਸਨ।

ਪੰਜਾਬ ਗਰੁੱਪ ਆਫ ਕਾਲੇਜਸ ਵਿਚ 18ਵੀਂ ਅਥਲੈਟਿਕ ਮੀਟ ਦਾ ਆਯੋਜਨ

ਫਤਿਹਗੜ੍ਹ ਸਾਹਿਬ, 15 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਗਰੁੱਪ ਆੱਫ ਕਾਲੇਜਸ ਚੁੰਨੀ ਕਲਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ 18ਵੀਂ ਸਲਾਨਾ ਅਥਲੈਟਿਕ ਮੀਟ ਦਾ ਆਯੋਜਨ ਕੀਤਾ ਗਿਆ । ਇਸ ਮੌਕੇ 'ਤੇ ਸਾਬਕਾ ਐਮ.ਐਲ.ਏ. ਸ. ਗੁਰਪ੍ਰੀਤ ਸਿੰਘ (ਜੀ ਪੀ), ਹਲਕਾ ਬਸੀ ਪਠਾਣਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਜਿਨ੍ਹਾ ਦਾ ਕਾਲਜ ਦੇ ਚੇਅਰਮੈਨ ਸ. ਨਿਰਮਲ ਸਿੰਘ, ਕਾਲਜ ਪ੍ਰਿੰਸੀਪਲ ਡਾ. ਸੁਮਨਦੀਪ ਕੌਰ ਨੇ ਗੁਲਦਸਤਾ ਭੇਟ ਕਰਦਿਆਂ ਤਹਿ ਦਿਲੋਂ ਸਵਾਗਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਸੁਮਨਦੀਪ ਕੌਰ ਵਲੋਂ ਆਏ ਹੋਏ ਮੁੱਖ ਮਹਿਮਾਨ ਸ ਗੁਰਪ੍ਰੀਤ ਸਿੰਘ (ਜੀ.ਪੀ) ਦਾ ਸਵਾਗਤ ਕਰਦਿਆਂ ਉਹਨਾ ਦੇ ਜੀਵਨ ਦੀ ਪ੍ਰਾਪਤੀਆਂ ਦਾ ਬਿਓਰਾ ਦਿੱਤਾ । ਐਥਲੈਟਿਕ ਮੀਟ ਓਪਨ ਕਰਦਿਆਂ ਸ. ਗੁਰਪ੍ਰੀਤ ਸਿੰਘ (ਜੀ.ਪੀ) ਨੇ ਮਾਰਚ ਪਾਸਟ ਤੋਂ ਸਲਾਮੀ ਲਈ ਅਤੇ ਸਭ ਵਿਦਿਆਰਥੀਆਂ ਨੂੰ ਚੰਗਾ ਖੇਡਣ ਲਈ ਸ਼ੁਭਕਾਮਨਾਵਾਂ ਦਿੱਤੀਆਂ ।ਇਸ ਮੌਕੇ 'ਤੇ ਟ੍ਰੈਕ ਇਵੈਂਟ ਅਤੇ ਰੋਮਾਂਚਕ ਖੇਡਾਂ ਜਿਵੇਂ, 400, 200, 100 ਮੀਟਰ ਦੌੜਾਂ, ਜੈਵਲਿਅਨ ਥੋਅ, ਡਿਸਕਸ ਥ੍ਰੋ, ਲੌਂਗ ਜੰਪ, ਲੈਮਨ ਰੋਸ, ਰੱਸਾ-ਕੱਸੀ, ਥ੍ਰੀ ਲੈਗਡ ਰੋਸ ਆਦਿ ਖੇਡਾਂ ਕਰਵਾਈਆਂ ਗਈਆ। ਇਹਨਾਂ ਖੇਡਾਂ ਵਿੱਚ ਵਿਦਿਆਰਥੀਆਂ ਨੇ ਪੂਰੇ ਜੋਰ ਅਤੇ ਜੈਸ਼ ਨਾਲ ਭਾਗ ਲਿਆ, ਜਿਸ ਵਿੱਚ ਬੈਸਟ ਐਥਲੀਟ ਲੜਕਿਆਂ ਵਿੱਚ ਭੁਪਿੰਦਰ ਸਿੰਘ, ਬੀ.ਏ ਭਾਗ ਦੂਜਾ ਅਤੇ ਲੜਕੀਆਂ ਵਿੱਚੋਂ ਆਰਤੀ, ਬੀ ਸੀ ਏ ਸਮੈਸਟਰ ਚੌਥਾ ਰਹੇ ।ਇਸ ਮੌਕੇ 'ਤੇ ਸ. ਗੁਰਪ੍ਰੀਤ ਸਿੰਘ (ਜੀ.ਪੀ) ਵੱਲੋਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਹਰ ਤਰ੍ਹਾਂ ਦੇ ਨਸ਼ੇ ਤੋਂ ਦੂਰ ਰਹਿਣਾ ਚਾਹੀਦਾ ਹੈ, ਅਤੇ ਖੇਡਾਂ ਨੂੰ ਰੋਜਾਨਾ ਦੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ । ਉਹਨਾਂ ਜੀਵਨ ਵਿੱਚ ਤਿੰਨ ਚੀਜਾਂ- ਇੱਛਾ, ਦ੍ਰਿੜ੍ਹਤਾ ਅਤੇ ਸਵੈ ਅਨੁਸ਼ਾਸਨ 'ਤੇ ਜ਼ੋਰ ਦਿੱਤਾ ।ਉਪਰੰਤ ਤਹਿਸੀਲਦਾਰ ਸ੍ਰੀਮਤੀ ਰੀਤੂ ਗੁਪਤਾ ਬਸੀ ਪਠਾਣਾ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕਰਕੇ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸ਼ਹੀਦ ਭਗਤ ਸਿੰਘ ਸਕੂਲ, ਚੁੰਨੀ ਕਲ੍ਹਾ ਤੋਂ ਪ੍ਰਿੰਸੀਪਲ ਸ੍ਰੀ ਮਨੋਜ ਕਪੂਰ ਜੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ । ਉਹਨਾਂ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਮਹੱਤਵਪੂਰਨ ਹਿੱਸਾ ਹਨ।ਅੰਤ ਵਿੱਚ ਕਾਲਜ ਦੇ ਚੇਅਰਮੈਨ ਸ. ਨਿਰਮਲ ਸਿੰਘ ਜੀ ਵੱਲੋਂ ਆਏ ਹੋਏ ਮੁੱਖ ਮਹਿਮਾਨ, ਵਿਦਿਆਰਥੀ ਅਤੇ ਸਾਰੇ ਸਟਾਫ ਦਾ ਅਥਲੈਟਿਕ ਮੀਟ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਧੰਨਵਾਦ ਕੀਤਾ।

ਸੁਖਬੀਰ ਬਾਦਲ ਨੇ ਰਣਬੀਰ ਸਿੰਘ ਪੂਨੀਆ ਨੂੰ ਬਣਾਇਆ ਪਾਰਟੀ ਦਾ ਮੀਤ ਪ੍ਰਧਾਨ

ਫਤਿਹਗੜ੍ਹ ਸਾਹਿਬ, 15 ਮਾਰਚ (ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਰਣਬੀਰ ਸਿੰਘ ਪੁਨੀਆ ਨੂੰ ਪਾਰਟੀ ਪ੍ਰਤੀ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਸ਼੍ਰੋਮਣੀ ਅਕਾਲੀ ਦਲ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪਾਰਟੀ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਮਿਹਨਤੀ ਆਗੂਆਂ ਦਾ ਹਮੇਸ਼ਾ ਮਾਣ ਸਤਿਕਾਰ ਕੀਤਾ ਜਾਂਦਾ ਰਿਹਾ ਹੈ, ਜਿਸ ਨੂੰ ਦੇਖਦਿਆਂ ਹੋਇਆਂ ਸ਼੍ਰੋਮਣੀ ਅਕਾਲੀ ਦਲ ਵਿੱਚ ਵੱਖ-ਵੱਖ ਅਹੁਦਿਆਂ ਤੇ ਸੇਵਾ ਨਿਭਾ ਚੁੱਕੇ ਰਣਵੀਰ ਸਿੰਘ ਪੂਨੀਆ ਨੂੰ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਮੌਕੇ 'ਤੇ ਨਵ ਨਿਯੁਕਤ ਮੀਤ ਪ੍ਰਧਾਨ ਰਣਬੀਰ ਸਿੰਘ ਪੂਨੀਆ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਸੰਸਦ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਅਤੇ ਹਲਕਾ ਇੰਚਾਰਜ ਫਤਿਹਗੜ੍ਹ ਸਾਹਿਬ ਜਗਦੀਪ ਸਿੰਘ ਚੀਮਾ ਦਾ ਧੰਨਵਾਦ ਕਰਦਿਆਂ ਕਿਹਾਂ ਕਿ ਉਹ ਉਹਨਾਂ ਵੱਲੋਂ ਸੌਂਪੀ ਗਈ ਆਪਣੀ ਇਸ ਜਿੰਮੇਵਾਰੀ ਨੂੰ ਮਿਹਨਤ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਹਲਕਾ ਫਤਿਹਗੜ੍ਹ ਸਾਹਿਬ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜਬੂਤ ਕਰਨ ਲਈ ਆਪਣੇ ਸਾਥੀਆਂ ਸਮੇਤ ਦਿਨ ਰਾਤ ਇੱਕ ਕਰਕੇ ਮਿਹਨਤ ਕਰਨਗੇ।

ਕਿਸਾਨ-ਮਜ਼ਦੂਰ ਸੰਘਰਸ਼ ਜਥੇਬੰਦੀ ਵੱਲੋਂ ਸ਼ਹੀਦ ਜੀਰਾ ਸਿੰਘ ਦੇ ਭੋਗ ਤੇ ਅੰਤਿਮ ਅਰਦਾਸ ਮੌਕੇ ਸ਼ਰਧਾ ਦੇ ਫੁੱਲ ਭੇਟ

ਮੱਲਾ ਵਾਲਾ, 15 ਮਾਰਚ (ਹਰਪਾਲ ਸਿੰਘ ਖਾਲਸਾ/ਇੰਦਰਜੀਤ ਸਿੰਘ ਸੰਧੂ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਜੋਨ ਮੱਲਾਂ ਵਾਲੇ ਦੇ ਪਿੰਡ ਆਸਿਫ ਵਾਲਾ ਦੇ ਕਿਸਾਨ ਜੀਰਾ ਸਿੰਘ ਜੋ ਕਿ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ ਅੱਜ ਮਿਤੀ 15-3-2024 ਨੂੰ ਉਹਨਾਂ ਦੇ ਪਿੰਡ ਦੇ ਗੁਰਦੁਆਰੇ ਸਾਹਿਬ ਵਿੱਚ ਅੰਤਿਮ ਅਰਦਾਸ ਉਪਰੰਤ ਜਥੇਬੰਦੀ ਵੱਲੋਂ ਸਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਉਹਨਾਂ ਦੇ ਸਪੁੱਤਰ ਨੂੰ ਜਥੇਬੰਦੀ ਵੱਲੋਂ ਸਿਰਪਾਓ ਭੇਂਟ ਕੀਤਾ ਗਿਆ ਤੇ ਜੀਰਾ ਸਿੰਘ ਦੇ ਪਰਿਵਾਰ ਨੂੰ ਵਿਸ਼ਵਾਸ ਦਵਾਇਆ ਗਿਆ ਕਿ